# ਅਸੀਂ ਲੜਨੀ ਹੈ ਹਾਲੇ ਉਹ ਜੰਗ

ਵਿਚਾਰ-ਚਰਚਾ

ਗੁਰਸ਼ਰਨ ਸਿੰਘ



ਕਵਿਤਾ ਦਾ ਆਪਣਾ ਇਕ ਮੁਹਾਵਰਾ ਹੈ। ਇਸ ਰਾਹੀਂ ਵੱਡੀ ਤੋਂ ਵੱਡੀ ਗੱਲ ਸੰਵੇਦਨਸ਼ੀਲ ਵਿਧੀ ਨਾਲ ਕੀਤੀ ਜਾ ਸਕਦੀ ਹੈ। ਗੁਰਭਜਨ ਗਿੱਲ ਦਾ ਹੁਣੇ-ਹੁਣੇ ਛਪਕੇ ਬਾਹਰ ਆਇਆ ਕਾਵਿ-ਸੰਗ੍ਰਹਿ ਅਗਨ ਕਥਾ ਇਸ ਦੀ ਇਕ ਮਿਸਾਲ ਹੈ। ਇਹ ਨੂੰ ਸੰਘਰਸ਼ਸ਼ੀਲ ਲੋਕਾਂ ਲਈ ਸੰਨ 2000 ਦੀ ਕਾਵਿਕ ਸੁਗਾਤ ਵੀ ਕਿਹਾ ਜਾ ਸਕਦਾ ਹੈ। ਅੱਜ ਜੋ ਦੇਸ਼ ਵਿਚ ਸਮੁੱਚਾ ਵਰਤਾਰਾ ਚੱਲ ਰਿਹਾ ਹੈ, ਗੁਰਭਜਨ ਗਿੱਲ ਨੇ ਇਸ ਦੇ ਖ਼ਿਲਾਫ਼ ਸੰਘਰਸ਼ ਦਾ ਇਕ ਸਪੱਸ਼ਟ ਸੁਨੇਹਾ ਕਾਵਿਕ ਜ਼ਬਾਨ ਵਿਚ ਦਿੱਤਾ ਹੈ, ਜੋ ਤੁਹਾਨੂੰ ਰੂਹ ਤੱਕ ਟੁੰਬਦਾ ਹੈ ਅਤੇ ਇਸ ਸਾਰੇ ਵਰਤਾਰੇ ਵਿਰੁੱਧ ਜੰਗ ਲਈ ਵੀ ਪ੍ਰੇਰਦਾ ਹੈ। ਇਹ ਕੋਈ ਵਿਆਖਿਆ ਨਹੀਂ ਮੰਗਦਾ ਸਗੋਂ ਸਿੱਧਾ ਆਪਣਾ ਅਸਰ ਪਾਉਂਦਾ ਹੈ। ਅਗਨ ਕਥਾ ਲੰਮੀ ਕਵਿਤਾ ਦੇ ਚੋਣਵੇਂ ਅੰਸ਼ਾਂ ਨੂੰ ਇਥੇ ਹੂਬਹੂ ਪੇਸ਼ ਕਰਕੇ ਕਵਿਤਾ ਦੀ ਸ਼ਕਤੀ ਦਾ ਪ੍ਰਮਾਣ ਇਥੇ ਦਿੱਤਾ ਜਾ ਰਿਹਾ ਹੈ।

ਜੰਗ ਨਹੀਂ
ਇਹ ਤਾਂ ਨਿੱਕੀ ਜਿਹੀ ਲੜਾਈ ਹੈ
ਨਿੱਕੇ ਜਿਹੇ ਦੁਸ਼ਮਣ ਦੇ ਖ਼ਿਲਾਫ਼
ਨਿੱਕੀ ਜਿਹੀ ਗੱਲੋਂ ਸ਼ੁਰੂ ਹੋਈ
ਨਿਆਣਿਆਂ ਦੀ ਲੜਾਈ ਵਾਂਗ
ਇਹ ਕੋਈ ਜੰਗ ਨਹੀਂ

ਜੰਗ ਤਾਂ ਅਜੇ ਲੜਨੀ ਹੈ
ਉਨ੍ਹਾਂ ਕਾਲੀਆਂ ਕਰੂਰ
ਤਾਕਤਾਂ ਦੇ ਖ਼ਿਲਾਫ਼
ਜਿਨ੍ਹਾਂ ਨੇ ਦਸੂਤੀ ਚਾਦਰ ਕੱਢਦੀਆਂ
ਮੇਰੀਆਂ ਭੈਣਾਂ ਭਤੀਜੀਆਂ ਕੋਲੋਂ
ਰੰਗੀਨ ਧਾਗੇ ਵਾਲੀਆਂ
ਅੱਟੀਆਂ ਖੋਹੀਆਂ
ਸੂਈ ਦੇ ਬਰੀਕ ਤੋਪੇ ਨਾਲ
ਚਾਦਰ 'ਤੇ ਕੱਢੇ ਵੇਲ ਬੂਟੇ
ਝਪਟ ਕੇ ਲੈ ਗਿਆ ਜਿਹੜਾ
ਅਸੀਂ ਤਾਂ ਹਾਲੇ
ਉਸ ਦੇ ਖ਼ਿਲਾਫ਼ ਲੜਨਾ ਹੈ
ਜਿਨ੍ਹਾਂ ਨੇ ਸੁਪਨਿਆਂ ਦਾ ਵਣਜ
ਕਰਨ ਦੇ ਬਹਾਨੇ
ਤੂਤ ਦੀ ਲਗਰ ਵਰਗੇ
ਮੁੰਡਿਆਂ ਦੇ ਹੱਥੀਂ ਹਥਿਆਰ ਫੜਾਏ
ਜਿਨ੍ਹਾਂ ਨੇ ਸਾਡੇ ਪੁੱਤਰਾਂ ਨੂੰ ਪੁੱਤਰ ਨਹੀਂ
ਬਾਲਣ ਸਮਝਿਆ ਭੱਠੀ ਵਿਚ ਝੋਕਿਆ
ਤੇ ਖ਼ੁਦ ਨਾਅਰਿਆਂ ਦੀ ਪੱਖੀ
ਝੱਲਦੇ ਰਹੇ
.........
ਜੰਗ ਤਾਂ ਅਜੇ ਲੜਨੀ ਹੈ
ਉਨ੍ਹਾਂ
ਕੁਹਾੜੀਆਂ
ਕਿਰਪਾਨਾਂ
ਤ੍ਰਿਸ਼ੂਲਾਂ
ਅਤੇ ਉਨ੍ਹਾਂ ਤਮਾਮ
ਹਥਿਆਰਾਂ ਦੇ ਖ਼ਿਲਾਫ਼
ਜਿਨ੍ਹਾਂ ਦੇ ਚੱਲਿਆਂ ਰੁੱਖਾਂ ਤੇ
ਨਾ ਪੱਤੇ ਰਹਿੰਦੇ ਨੇ
ਨਾ ਟਾਹਣੀਆਂ ਨਾ ਫ਼ਲ ਨਾ ਫੁੱਲ
ਜਿਨ੍ਹਾਂ ਦਾ ਪਰਛਾਵਾਂ ਵੀ ਮਾੜਾ ਹੈ
..............
ਉਨ੍ਹਾਂ ਧਾੜਵੀਆਂ ਦੇ ਖ਼ਿਲਾਫ਼
ਜੈਕਾਰਾ ਗੁੰਜਾਉਣਾ ਹੈ
ਜਿਨ੍ਹਾਂ ਦੇ ਹੱਥੀਂ ਸਾਡਾ ਸੋਨਾ
ਮਿੱਟੀ ਦੇ ਭਾਅ ਵਿਕਦਾ ਹੈ
ਉਨ੍ਹਾਂ ਮੰਡੀਆਂ ਬਾਜ਼ਾਰਾਂ ਸ਼ਾਹੂਕਾਰਾਂ
ਤੇ ਅਹਿਲਕਾਰਾਂ ਦੇ ਖ਼ਿਲਾਫ਼
ਜਿਨ੍ਹਾਂ ਦਿਆਂ ਗੁਦਾਮਾਂ ਵਿਚ
ਪਹੁੰਚਦੇ ਹੀ
ਉਹੀ ਮਿੱਟੀ ਸੋਨਾ ਬਣ ਜਾਂਦੀ ਹੈ
ਤੇ ਚੰਗਾ ਭਲਾ ਆਦਮੀ
ਮਿੱਟੀ ਹੋ ਜਾਂਦਾ ਹੈ
................
ਅਜੇ ਤਾਂ ਲੜਨਾ ਹੈ
ਉਨ੍ਹਾਂ ਸਮੂਹ ਮੁਸ਼ਟੰਡਿਆਂ ਦੇ ਖ਼ਿਲਾਫ਼
ਜੋ ਸਰਕਾਰੀ, ਗ਼ੈਰ ਸਰਕਾਰੀ
ਸੰਚਾਰ ਮਾਧਿਅਮਾਂ ਰਾਹੀਂ
ਸਾਡੇ ਘਰਾਂ ਵਿਚ ਰਾਤ ਬਰਾਤੇ
ਆਣ ਧਮਕਦੇ ਹਨ
ਜਵਾਨ ਧੀਆਂ ਪੁੱਤਰਾਂ ਸਾਹਵੇਂ
ਪਰੋਸਦੇ ਹਨ ਨਿਰਵਸਤਰ ਸਦਾਚਾਰ
ਬਚਪਨਾ ਆਉਂਦਾ ਹੀ ਨਹੀਂ
ਨਿੱਕੀ ਜਿਹੀ ਧਰੇਕ ਨੂੰ ਹੀ
ਧਰੇਕਨੇ ਪੈ ਜਾਂਦੇ ਨੇ
..................
ਉਸ ਸੁਹਾਗੇ ਦੇ ਖ਼ਿਲਾਫ਼
ਜੋ ਸਾਡੇ ਹੱਕਾਂ 'ਤੇ ਜਾਬਰ ਦੇ
ਆਖਿਆਂ ਫਿਰਦਾ ਹੈ
ਮਧੋਲਦਾ ਹੈ ਹੱਕ ਮੰਗਦੇ ਹੱਥਾਂ ਨੂੰ
ਉਨ੍ਹਾਂ ਟੂਣੇ ਟਾਮਣਾਂ ਤਵੀਤਾਂ
ਜਾਦੂਆਂ ਤੇ ਧਾਗਿਆਂ ਦੇ ਖ਼ਿਲਾਫ਼
ਜਿਨ੍ਹਾਂ ਵਿਚ ਉਲਝ ਕੇ ਆਦਮੀ
ਥਾਂ-ਥਾਂ ਠੇਡੇ ਖਾਂਦਾ ਫਿਰਦਾ ਹੈ
ਨਾ ਘਰ ਦਾ ਰਹਿੰਦਾ ਹੈ ਨਾ ਘਾਟ ਦਾ
ਧੋਬੀ ਦਾ ਕੁੱਤਾ ਬਣ ਜਾਂਦਾ ਹੈ
..............
ਅਸੀਂ ਤਾਂ ਅਜੇ ਉਸ ਹਨੇਰੇ ਦੇ
ਖ਼ਿਲਾਫ਼ ਲੜਨਾ ਹੈ
ਜਿਸ ਦੇ ਕਾਰਨ ਇਹ
ਵਿਸ਼-ਗੰਦਲਾ ਸੰਸਾਰ
ਜੜ੍ਹਾਂ ਵਾਲੇ ਫੋੜੇ ਵਾਂਗ
ਨਿਰੰਤਰ ਵਧ ਰਿਹਾ ਹੈ
............
ਥੈਲੀ ਸ਼ਾਹਾਂ ਦੀ ਉਸ
ਉਦਾਰ ਨੀਤੀ ਦੇ ਖ਼ਿਲਾਫ਼ ਲੜਨਾ ਹੈ
ਜਿਸ ਦੇ ਕਾਰਨ
ਸਾਡੇ ਗਲੀ ਬਾਜ਼ਾਰਾਂ ਘਰਾਂ
ਤੇ ਮੁਹੱਲਿਆਂ ਵਿਚ
ਦਨਦਨਾਉਂਦੀਆਂ ਫਿਰਦੀਆਂ ਹਨ
ਵਰਦੀਧਾਰੀ ਬਹੁਕੌਮੀ ਕੰਪਨੀਆਂ
ਉਨ੍ਹਾਂ ਸਥਿਤੀਆਂ
ਤੇ ਮਾਨਸਿਕਤਾ ਦੇ ਖ਼ਿਲਾਫ਼ ਲੜਨਾ ਹੈ
................
ਅਜੇ ਤਾਂ ਬਾਕੀ ਹੈ ਲੜਨਾ
ਉਸ ਗਿਰੋਹ ਦੇ ਖ਼ਿਲਾਫ਼
ਜੋ ਵੰਡਦਾ ਫਿਰ ਰਿਹਾ ਹੈ
ਸਾਹਿਤ ਵਿਚ ਨਵੇਂ ਵਾਦ
ਨਵ ਕਵਿਤਾ ਨਹੀਂ ਅਸੀਂ
ਤਾਂ ਅਜੇ ਕਵਿਤਾ ਲਿਖਣੀ ਹੈ
............
ਲੜਨਾ ਹੈ ਉਸ ਧੌਲਦਾੜ੍ਹੀਏ
ਟੋਲੇ ਦੇ ਖ਼ਿਲਾਫ਼
ਜਿਸ ਨੇ ਮਜ਼ਾਕ ਬਣਾ ਦਿੱਤਾ ਹੈ
ਏਨਾ ਮਹਾਨ ਦੇਸ਼
ਜਿਸ ਦੀਆਂ ਨੀਹਾਂ ਵਿਚ
ਸੀਸ ਹੀ ਸੀਸ ਹਨ
ਮੁੱਛ ਫੁਟੇਂਦੇ ਗੱਭਰੂਆਂ ਤੋਂ ਲੈ ਕੇ
ਬਿਰਧ ਗ਼ਦਰੀ ਬਾਬਿਆਂ ਤੀਕ
..............
ਨਿੱਕੀਆਂ ਨਿੱਕੀਆਂ
ਲੜਾਈਆਂ ਲੜਦਿਆਂ
ਅਸੀਂ ਭੁੱਲ ਗਏ ਹਾਂ
ਵੱਡੀ ਜੰਗ ਦੇ ਅਰਥ
ਬੜਾ ਅਨਅਰਥ ਕੀਤਾ
ਅਸੀਂ ਆਪਣੇ ਪੁਰਖਿਆਂ ਨਾਲ
ਮਤੀ ਦਾਸ ਪੁੱਛਦਾ ਹੈ
ਆਰਾ ਤਾਂ ਦਿਨੇ ਰਾਤ
ਅੱਜ ਵੀ ਚੱਲ ਰਿਹਾ ਹੈ
ਤੁਸੀਂ ਕਿੱਧਰ ਗਏ
...........
ਲੰਮੀ ਲੜਾਈ ਵਿਚ ਜਿੱਤ ਹਾਰ ਕੋਈ
ਮਾਅਨਾ ਨਹੀਂ ਰਖਦੀ
ਮਹੱਤਵਪੂਰਨ ਹੁੰਦਾ ਹੈ
ਤੁਸੀਂ ਕਿਸ ਖਾਤਰ ਲੜ ਰਹੇ ਹੋ
...........

ਇਸ ਸਮੇਂ ਦੀ ਚੁਣੌਤੀ ਨੂੰ ਸਵੀਕਾਰਦੀ ਹੋਈ ਕਵਿਤਾ ਲਿਖਣ ਲਈ ਗੁਰਭਜਨ ਗਿੱਲ ਬਹੁਤ ਹੀ ਵਧਾਈ ਦਾ ਹੱਕਦਾਰ ਹੈ।